ਵੱਲ,

ਸਮੂਹ ਕੇਂਦਰ ਸੁਪਰਡੈਂਟ / ਨਿਗਰਾਨ ਅਮਲਾ
ਅਤੇ ਉੱਡਣ ਦਸਤੇ ਦੇ ਮੈਂਬਰ ਸਾਹਿਬਾਨ ।

ਨੰ:.....2177......... ਅ.ੳ.ਸ. (ਪ੍ਰੀ-12) ਮਿਤੀ 04-02-2025

ਵਿਸ਼ਾ :- ਯੂ.ਐਮ.ਸੀ. ਸਬੰਧੀ ਹਦਾਇਤਾਂ ।

ਬੇਨਤੀ ਹੈ ਕਿ ਪ੍ਰੀਖਿਆ ਦੌਰਾਣ ਪਕੜੇ ਜਾਂਦੇ ਯੂ.ਐਮ.ਸੀ. ਕੇਸਾਂ ਸਬੰਧੀ ਹੇਠ ਲਿਖੀਆਂ ਹਦਾਇਤਾਂ ਤੇ ਅਮਲ ਯਕੀਨੀ ਬਣਾਉਣ ਦੀ ਖੇਚਲ ਕੀਤੀ ਜਾਵੇ:-

1. ਕੇਂਦਰ ਸੁਪਰਡੰਟ ਵੱਲੋਂ ਅਣ-ਉਚਿਤ ਸਾਧਨਾਂ ਦੇ ਪਕੜੇ ਗਏ ਸਾਰੇ ਕੇਸ ਹਰ ਰੋਜ਼ ਦੀ ਪ੍ਰੀਖਿਆ ਵਾਲੇ ਦਿਨ ਹੀ ਪ੍ਰੀਖਿਆ ਖਤਮ ਹੋਣ ਤੋਂ ਫੌਰਨ ਬਾਅਦ ਬੋਰਡ ਦੀ ਸਾਈਟ ਤੇ ਉਪਲੱਬਧ ਸਲਿੱਪ ਨੰ: **ਅ.ੳ.ਸ. -7** ਨੂੰ ਕਿਸੇ ਵੀ ਲਿਫਾਫੇ ਦੇ ਬਾਹਰ ਚਿਪਕਾ ਕੇ ਲਿਫਾਫੇ ਸੀਲ ਕਰਨ ਉਪਰੰਤ ਕੁਲੈਕਸ਼ਨ ਸੈਂਟਰ /ਬੋਰਡ ਦੇ ਡਿਪੂ ਵਿਖੇ ਹਸਤਾਖਰ ਪ੍ਰਾਪਤ ਕਰਕੇ ਜਮ੍ਹਾਂ ਕਰਵਾਏ ਜਾਣ।
2. ਕੇਂਦਰ ਸੁਪਰਡੰਟ ਦੀ ਇਹ ਜਿੰਮੇਵਾਰੀ ਹੈ ਕਿ ਉਹ ਯੂ.ਐਮ.ਸੀ. ਕੇਸ ਬਨਾਉਣ ਵਾਲੇ ਅਧਿਕਾਰੀ ਤੋਂ ਨਿਰਧਾਰਿਤ ਰਿਪੋਰਟ ਫਾਰਮ **ਅ.ੳ.ਸ.-2** ਦੇ ਮੁੱਖ ਪੰਨੇ ਦੇ ਸਾਰੇ ਕਾਲਮ ਪੂਰੀ ਤਰ੍ਹਾਂ ਭਰਵਾਉਣ ਉਪਰੰਤ ਬਕਾਇਦਾ ਹਸਤਾਖਰ ਕਰਵਾ ਕੇ ਆਪਣੀ ਰਿਪੋਰਟ ਸਹਿਤ ਕੇਸ ਭੇਜਣ।
3. ਰਿਪੋਰਟ ਫਾਰਮ ਦਾ ਕੋਈ ਵੀ ਕਾਲਮ ਖਾਲੀ ਨਾ ਛੱਡਿਆ ਜਾਵੇ। ਰਿਪੋਰਟ ਫਾਰਮ ਅਧੂਰਾ ਹੋਣ ਨਾਲ ਕੇਸਾਂ ਦੇ ਨਿਪਟਾਰੇ ਵਿੱਚ ਬੇਲੋੜੀ ਦੇਰੀ ਲਈ ਕੇਂਦਰ ਸੁਪਰਡੈਂਟ/ ਕੇਸ ਪਕੜਣ ਵਾਲੇ ਅਧਿਕਾਰੀ ਦੀ ਜ਼ਿੰਮੇਵਾਰੀ ਹੋਵੇਗੀ।
4. ਕੇਸ ਪਕੜਣ ਵੇਲੇ ਪ੍ਰੀਖਿਆਰਥੀ ਨੂੰ ਜਾਰੀ ਕੀਤੀ ਪਹਿਲੀ ਉੱਤਰ-ਪੱਤਰੀ ਅਤੇ ਬਾਅਦ ਵਿੱਚ ਦਿੱਤੀ ਦੂਜੀ ਉੱਤਰ-ਪੱਤਰੀ ਭਾਵ ਦੋਵੇਂ ਇਕੱਠੀਆਂ ਰਿਪੋਰਟ ਫਾਰਮ ਨਾਲ ਭੇਜੀਆਂ ਜਾਣ। ਪ੍ਰੀਖਿਆਰਥੀ ਦਾ ਪੱਤਰ ਵਿਹਾਰ ਲਈ ਪੂਰਾ ਪਤਾ ਅਤੇ ਮੋਬਾਇਲ ਨੰਬਰ /ਫੋਨ ਨੰਬਰ ਵੀ ਰਿਪੋਰਟ ਫਾਰਮ ਵਿੱਚ ਦਰਜ ਕੀਤਾ ਜਾਵੇ।
5. ਯੂ.ਐਮ.ਸੀ. ਕੇਸ ਪਕੜਨ ਵਾਲੇ ਅਧਿਕਾਰੀ ਤੋਂ ਪ੍ਰੀਖਿਆਰਥੀ ਦੀ ਉੱਤਰ-ਪੱਤਰੀ ਦੇ ਮੁੱਖ ਪੰਨੇ ਤੇ ਹਰ ਹਾਲਤ ਵਿੱਚ ਰਿਪੋਰਟ ਅੰਕਿਤ ਕਰਵਾਈ ਜਾਵੇ ਜਿਸ ਵਿੱਚ ਪਕੜੀ ਗਈ ਇਤਰਾਜ਼ਯੋਗ ਸਮੱਗਰੀ ਦਾ ਵੇਰਵਾ ਦਰਜ ਹੋਵੇ ਤੇ ਸਪੱਸ਼ਟ ਦੱਸਿਆ ਜਾਵੇ ਕਿ ਪਕੜੀ ਗਈ ਸਮੱਗਰੀ ਉਸ ਦਿਨ ਦੀ ਪ੍ਰੀਖਿਆ ਦੇ ਵਿਸ਼ੇ ਨਾਲ ਸਬੰਧਤ ਸੀ ਜਾ ਨਹੀਂ ? ਪਕੜੀ ਗਈ ਇਤਰਾਜ਼ਯੋਗ ਸਮੱਗਰੀ ਤੇ ਵੀ ਸਬੰਧਤ ਨਿਗਰਾਨ ਅਮਲਾ ਅਤੇ ਕੇਂਦਰ ਸੁਪਰਡੈਂਟ ਦੇ ਹਸਤਾਖਰ ਕਰਵਾਏ ਜਾਣ। ਜੇਕਰ ਪਕੜੀ ਗਈ ਸਮੱਗਰੀ ਵਿਸ਼ੇ ਨਾਲ ਸਬੰਧਤ ਨਹੀ ਤਾਂ ਨਕਲ ਕੇਸ ਨਾ ਬਣਾਇਆ ਜਾਵੇ।
6. ਰਿਪੋਰਟ ਫਾਰਮ ਵਿੱਚ ਪ੍ਰੀਖਿਆਰਥੀ ਤੋਂ ਪਕੜੀ ਗਈ ਇਤਰਾਜ਼ਯੋਗ ਸਮੱਗਰੀ ਦੀ ਠੀਕ ਥਾਂ ਅਤੇ ਪੰਨਿਆਂ ਦੀ ਗਿਣਤੀ ਆਦਿ ਬਾਰੇ ਕੇਸ ਪਕੜਣ ਵਾਲੇ ਨਿਗਰਾਨ ਸਟਾਫ/ਕੇਂਦਰ ਸੁਪਰਡੈਂਟ ਜਾਂ ਫਲਾਇੰਗ ਸਕੁਐਡ ਵੱਲੋਂ ਪੂਰੀ ਤਰਾਂ ਜਿਕਰ ਕੀਤਾ ਜਾਵੇ।
7. ਜਿਸ ਕੇਸ ਵਿੱਚ ਇਤਰਾਜ਼ਯੋਗ ਸਮੱਗਰੀ ਪਕੜੇ ਜਾਣ ਦੀ ਥਾਂ ਪ੍ਰੀਖਿਆਰਥੀ ਦੀ ਸੀਟ ਦੇ ਯੂ.ਐਮ.ਸੀ. ਕੇਸ ਬਨਣ ਤੇ ਸਬੰਧਤ ਪ੍ਰੀਖਿਆਰਥੀ ਦਾ ਬਿਆਨ ਵੀ ਰਿਪੋਰਟ ਫਾਰਮ ਅ.ੳ.ਸ.-2 ਤੇ ਜਰੂਰ ਲਿਆ ਜਾਵੇ ਅਤੇ ਜਿੱਥੇ ਉਹ ਬਿਆਨ ਦੇਣ / ਹਸਤਾਖਰ ਕਰਨ ਤੋਂ ਇੰਨਕਾਰ ਕਰਦਾ ਹੈ, ਉੱਥੇ ਕੇਂਦਰ ਸੁਪਰਡੈਂਟ / ਉੱਪ-ਸੁਪਰਡੈਂਟ / ਨਿਗਰਾਨ ਜਾਂ ਕੇਸ ਪਕੜਣ ਵਾਲਾ ਅਧਿਕਾਰੀ (ਜੋ ਵੀ ਹੋਵੇ) ਪ੍ਰੀਖਿਆਰਥੀ ਦੀ ਇੰਨਕਾਰੀ ਬਾਰੇ ਆਪਣਾ ਕਥਨ ਰਿਕਾਰਡ ਕਰਨ।
8. ਇੰਪਰਸੋਨੇਸ਼ਨ ਦੇ ਕੇਸ ਵਿੱਚ ਇੰਪਰਸੋਨੇਟਰ ਦੀ ਫੋਟੋ, ਉਸ ਦੇ ਪੂਰੇ ਪਤੇ ਸਮੇਤ ਕੇਸ ਭੇਜਿਆ ਜਾਵੇ ਅਤੇ ਉਸ ਦਾ ਬਿਆਨ ਜਰੂਰ ਰਿਕਾਰਡ ਕੀਤਾ ਜਾਵੇ। ਜਿਸ ਦੀ ਪੁਸ਼ਟੀ ਕੇਂਦਰ ਸੁਪਰਡੈਂਟ ਅਤੇ ਨਿਗਰਾਨ ਵੱਲੋਂ ਕਰਕੇ ਕੇਸ ਨਾਲ ਭੇਜੀ ਜਾਵੇ।

ਇੰਪਰਸੋਨੇਸ਼ਨ ਦੇ ਕੇਸ ਜਾਂ ਜੇਕਰ ਕਿਸੇ ਪ੍ਰੀਖਿਆਰਥੀ ਦੀ ਥਾਂ ਤੇ ਕੋਈ ਹੋਰ ਪ੍ਰੀਖਿਆਰਥੀ ਪ੍ਰੀਖਿਆ ਦੇ ਰਿਹਾ ਹੈ ਤਾਂ ਨੇੜੇ ਦੇ ਪੁਲਿਸ ਸਟੇਸ਼ਨ ਵਿਖੇ ਰਿਪੋਰਟ ਵੀਂ ਦਰਜ਼ ਕਰਵਾਈ ਜਾਵੇ ਅਤੇ ਐਫ.ਆਈ.ਆਰ. ਦੀ ਕਾਪੀ ਮੁੱਖ ਦਫ਼ਤਰ ਭੇਜੀ ਜਾਵੇ।

9. ਲੜਕੀ ਪ੍ਰੀਖਿਆਰਥੀ ਹੋਣ ਦੀ ਸੂਰਤ ਵਿੱਚ ਇਤਰਾਜ਼ਯੋਗ ਸਮੱਗਰੀ ਆਦਿ ਦੀ ਤਲਾਸ਼ੀ ਲੈਣ ਦਾ ਕੰਮ ਇਸਤਰੀ ਕਰਮਚਾਰੀ ਤੋਂ ਹੀ ਕਰਵਾਇਆ ਜਾਵੇ। ਕੇਸ ਬਨਣ ਦੀ ਸੂਰਤ ਵਿੱਚ ਉਸ ਵੱਲੋਂ ਹੀ ਰਿਪੋਰਟ ਫਾਰਮ ਤੇ ਹਸਤਾਖਰ ਪੂਰੇ ਪਤੇ ਮੋਬਾਇਲ ਨੰਬਰ ਸਹਿਤ ਕੀਤੇ ਜਾਣਗੇ ਅਤੇ ਫਲਾਇੰਗ ਸਕੂਐਡ ਵੱਲੋਂ ਪੁਸ਼ਟੀ ਤੇ ਪ੍ਰਤੀ ਹਸ਼ਤਾਖਰ ਕੀਤੇ ਜਾਣਗੇ।

10. ਕੇਸ ਪਕੜਣ ਵਾਲੇ ਅਧਿਕਾਰੀ / ਸਬੰਧਤ ਕੇਂਦਰ ਸੁਪਰਡੈਂਟ ਅਤੇ ਨਿਗਰਾਨ ਦਾ ਸਕੂਲ /ਦਫਤਰ /ਘਰ ਆਦਿ ਦੇ ਪਤੇ ਤੇ ਮੋਬਾਇਲ ਨੰਬਰ ਦਫਤਰ ਨੂੰ ਭੇਜਿਆ ਜਾਵੇ ਤਾਂ ਜੋ ਲੋੜ ਪੈਣ ਤੇ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕੇ।

11. ਬਾਰ੍ਹਵੀਂ ਜਮਾਤ ਦੇ ਸਾਇੰਸ, ਕਮਰਸ,ਵੋਕੇਸ਼ਨਲ ਅਤੇ ਹਿਊਮੈਨਟੀਜ਼ ਗਰੁੱਪ ਅਤੇ ਹੋਰ ਸ਼੍ਰੇਣੀਆਂ ਦੇ ਯੂ.ਐਮ.ਸੀ. ਕੇਸ ਵੱਖ-ਵੱਖ ਲਿਫਾਫਿਆਂ ਵਿੱਚ ਭੇਜੇ ਜਾਣ।

12 ਪ੍ਰੀਖਿਆ ਦੌਰਾਨ ਜੇਕਰ ਕੋਈ ਵੀ ਇਤਰਾਜ਼ਯੋਗ ਸਮੱਗਰੀ ਪਕੜੀ ਜਾਂਦੀ ਹੈ ਤਾਂ ਪ੍ਰੀਖਿਆਰਥੀ ਵਿਰੁੱਧ ਯੂ.ਐਮ.ਸੀ. ਕੇਸ ਬਣਾਇਆ ਜਾਵੇਗਾ ਅਤੇ ਸੈਂਟਰ ਵਿੱਚ ਮੌਜੂਦ ਨਿਗਰਾਨ ਅਮਲੇ ਵਿਰੁੱਧ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।

13. ਪ੍ਰੀਖਿਆਵਾਂ ਦੌਰਾਨ ਜੇਕਰ ਪ੍ਰੀਖਿਆ ਕੇਂਦਰ ਵਿੱਚ ਪੰਜ ਤੋਂ ਵੱਧ ਕੇਸ ਬਣਦੇ ਹਨ ਤਾਂ ਕੇਂਦਰ ਦੇ ਸੁਪਰੀਵਾਈਜਰੀ ਅਮਲੇ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਜੇਕਰ ਸਕੂਲ ਐਫੀਲਿਏਟਿਡ ਹੈ ਤਾਂ ਸਕੂਲ ਦੀ ਐਫੀਲੀਏਸ਼ਨ ਰੱਦ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

**(ਅ) ਫਲਾਇੰਗ ਸਕੂਐਡਜ਼ ਲਈ:-**

1. ਪ੍ਰੀਖਿਆ ਕੇਂਦਰ ਵਿਖੇ ਅਣ-ਉਚਿਤ ਸਾਧਨਾਂ ਦੇ ਪਕੜੇ ਗਏ ਕੇਸਾਂ ਸਬੰਧੀ ਕੇਂਦਰ ਸੁਪਰਡੈਂਟ ਨੂੰ ਬੋਰਡ ਵੱਲੋਂ ਜਾਰੀ ਕੀਤਾ ਕੇਸ ਭੇਜਣ ਵਾਲਾ ਨਿਰਧਾਰਿਤ ਪ੍ਰਫਾਰਮਾਂ ਨੰ: ਅ.ੳ.ਸ.2 ਦੇ ਮੁੱਖ ਪੰਨੇ ਦੇ ਸਾਰੇ ਕਾਲਮ ਫਲਾਇੰਗ ਸਕੂਐਡ ਵੱਲੋਂ ਗਹੁ ਨਾਲ ਮੁਕੰਮਲ ਕਰਕੇ ਕੇਂਦਰ ਸੁਪਰਡੈਂਟ ਨੂੰ ਸੌਂਪ ਦਿੱਤੇ ਜਾਣ।

2. ਪਕੜੀ ਗਈ ਇਤਰਾਜ਼ਯੋਗ ਸਮੱਗਰੀ ਸਬੰਧੀ ਪ੍ਰੀਖਿਆਰਥੀ ਦੀ ਉੱਤਰ-ਪੱਤਰੀ ਦੇ ਮੁੱਖ ਪੰਨੇ ਤੇ ਹਰ ਹਾਲਤ ਵਿੱਚ ਸਪਸ਼ਟ ਰਿਪੋਰਟ ਕਰਦਿਆਂ ਇਤਰਾਜ਼ਯੋਗ ਸਮੱਗਰੀ ਦਾ ਪੂਰਾ ਵੇਰਵਾ ਦਿੱਤਾ ਜਾਵੇ। ਇਹ ਵੀ ਅੰਕਿਤ ਕੀਤਾ ਜਾਵੇ ਕਿ ਇਹ ਸਮੱਗਰੀ ਉਸ ਦਿਨ ਪ੍ਰੀਖਿਆ ਦੇ ਵਿਸ਼ੇ ਨਾਲ ਸਬੰਧਤ ਹੈ ਜਾਂ ਨਹੀ ? ਇਸ ਰਿਪੋਰਟ ਤੇ ਆਪਣੇ ਪੂਰੇ ਹਸਤਾਖਰ ਪਤੇ ਸਹਿਤ ਕੀਤੇ ਜਾਣ। ਪਕੜੀ ਗਈ ਇਤਰਾਜ਼ਯੋਗ ਸਮੱਗਰੀ ਤੇ ਵੀ ਪੂਰੇ ਹਸਤਾਖਰ ਕੀਤੇ ਜਾਣ।

3. ਯੂ.ਐਮ.ਸੀ. ਕਮੇਟੀ ਵੱਲੋਂ ਇਨਾਂ ਕੇਸਾਂ ਦੇ ਤੁਰੰਤ ਨਿਪਟਾਰੇ ਲਈ ਰਿਪੋਰਟ ਫਾਰਮ ਵਿੱਚ ਪਕੜੀ ਗਈ ਸਮੱਗਰੀ ਦੀ ਠੀਕ ਥਾਂ ਜਰੂਰ ਦਰਸਾਈ ਜਾਵੇ ।

4. ਲਾਜ਼ਮੀ ਹੋਵੇਗਾ ਜੇਕਰ ਫਲਾਇੰਗ ਸਕੂਐਡ ਵੱਲੋਂ ਪਕੜੇ ਗਏ ਕੇਸ ਸਬੰਧੀ ਇਤਰਾਜ਼ਯੋਗ ਸਮੱਗਰੀ ਦੀ ਕੇਂਦਰ ਸੁਪਰਡੈਂਟ ਨੂੰ ਕੀਤੀ ਸੌਂਪਣੀ ਸਬੰਧੀ ਰਸੀਦ ਪ੍ਰਾਪਤ ਕਰ ਲਈ ਜਾਵੇ ਤਾਂ ਜੋ ਭਿੰਨਤਾ ਹੋਣ ਦੀ ਸੂਰਤ ਵਿੱਚ ਕੇਸ ਦੇ ਨਿਪਟਾਰੇ ਸਮੇਂ ਇਹ ਸਬੂਤ ਸਹਾਈ ਹੋ ਸਕੇ।

ਸੁਪਰਡੰਟ(ਯੂ.ਐਮ.ਸੀ/ਸਕਾਲਰਸ਼ਿਪ)
ਪੰਜਾਬ ਸਕੂਲ ਸਿੱਖਿਆ ਬੋਰਡ
ਐਸ.ਏ.ਐਸ.ਨਗਰ
4/2/25